# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 15 ਅਕਤੂਬਰ 2025 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਦਾ ਸਾਲਾਨਾ ਸਾਹਿਤਕ ਸਮਾਗਮ 19 ਅਕਤੂਬਰ ਨੂੰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 15 ਅਕਤੂਬਰ : ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ ਵੱਲੋਂ 11ਵਾਂ ਸਾਲਾਨਾ ਸਾਹਿਤਕ ਸਮਾਗਮ 19 ਅਕਤੂਬਰ 2025 ਨੂੰ 7050 ਸੀਨੀਅਰਜ ਸਿਟੀਜ਼ਨ ਸੈਂਟਰ, ਸਰੀ/ਡੈਲਟਾ ਵਿਖੇ ਕਰਵਾਇਆ ਜਾ ਰਿਹਾ ਹੈ। ਸਮਾਗਮ ਦਾ ਵਿਸ਼ਾ "ਜ਼ਿੰਦਗੀ" ਰੱਖਿਆ ਗਿਆ ਹੈ ਅਤੇ ਸਮੁੱਚਾ ਸਮਾਗਮ ਕਵੀ ਦਰਬਾਰ ਅਤੇ ਵਿਚਾਰ ਚਰਚਾ ਦੇ ਰੂਪ ਵਿੱਚ ਹੋਵੇਗਾ।

ਇਹ ਜਾਣਕਾਰੀ ਦਿੰਦਿਆਂ ਸਭਾ ਦੇ ਸੰਸਥਾਪਕ ਮਲੂਕ ਚੰਦ ਕਲੇਰ ਨੇ ਦੱਸਿਆ ਹੈ ਕਿ ਸਮਾਗਮ ਦਾ ਉਦੇਸ਼ ਲੋਕ ਕਵੀ ਗੁਰਦਾਸ ਰਾਮ ਆਲਮ ਦੀ ਰਚਨਾਤਮਕ ਵਿਰਾਸਤ ਨੂੰ ਯਾਦ ਕਰਨਾ ਤੇ ਪੰਜਾਬੀ ਸਾਹਿਤ ਪ੍ਰਤੀ ਨਵੀਂ ਪੀੜ੍ਹੀ ਵਿੱਚ ਰੁਝਾਨ ਪੈਦਾ ਕਰਨਾ ਹੈ। ਸਮਾਗਮ ਸ਼ਾਮ 1:30 ਵਜੇ ਸ਼ੁਰੂ ਹੋਵੇਗਾ। ਇਸ ਮੌਕੇ ਕਈ ਪ੍ਰਸਿੱਧ ਕਵੀ, ਲੇਖਕ ਅਤੇ ਸਾਹਿਤ ਪ੍ਰੇਮੀ ਆਪਣੀਆਂ ਰਚਨਾਵਾਂ ਪੇਸ਼ ਕਰਨਗੇ। ਪ੍ਰੋਗਰਾਮ ਵਿੱਚ ਕੈਨੇਡਾ ਭਰ ਦੇ ਕਵਿਤਾ ਪ੍ਰੇਮੀ ਸ਼ਾਮਿਲ ਹੋਣਗੇ। ਉਨ੍ਹਾਂ ਸਾਰੇ ਸਾਹਿਤ ਪ੍ਰੇਮੀਆਂ ਨੂੰ ਸਮਾਗਮ ਵਿੱਚ ਸ਼ਮੂਲੀਅਤ ਦੀ ਬੇਨਤੀ ਕੀਤੀ ਹੈ ਤਾਂ ਜੋ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਧਾਰਾ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

## ਦੀਵਾਲੀ ਮੌਕੇ ਲੋਕ ਵੱਧ ਤੋਂ ਵੱਧ ਮਿੱਟੀ ਦੇ ਦੀਵੇ ਜਗਾਉਣ : ਹੰਸ ਰਾਜ ਪ੍ਰਜਾਪਤੀ

### ਕਿਹਾ! ਮਿੱਟੀ ਨੂੰ ਤਰਾਸ਼ ਕੇ ਸੋਨਾ ਬਣਾਉਣ ਵਾਲਾ ਖੁਦ ਸਹੂਲਤਾਂ ਤੋਂ ਵਾਂਝਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 15 ਅਕਤੂਬਰ : ਪ੍ਰਜਾਪਤੀ ਕੁੰਮਹਾਰ ਮਹਾਂਸੰਘ ਜਲਾਲਾਬਾਦ ਦੇ ਯੂਥ ਚੇਅਰਮੈਨ ਸ਼੍ਰੀ ਹੰਸਰਾਜ ਪ੍ਰਜਾਪਤੀ ਸਮਾਜਸੇਵੀ ਨੇ ਇਸ ਅਖਬਾਰ ਦੇ ਪੱਤਰਕਾਰ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਦੱਸਿਆ ਕਿ ਦੇਸ਼ ਭਰ 'ਚ ਦੀਵਾਲੀ ਦੇ ਤਿਉਹਾਰ ਮੌਕੇ ਮਿੱਟੀ ਦੇ ਦੀਵੇ ਸਰੋਂ ਦੇ ਤੇਲ ਨਾਲ ਜਗਾਉਣ ਦੀ ਪਰੰਪਰਾ ਪੁਰਾਤਨ ਕਾਲ ਤੋਂ ਚੱਲੀ ਆ ਰਹੀ ਹੈ ਤੇ ਦੀਵਾਲੀ ਦੇ ਇਸ ਪਵਿੱਤਰ ਤਿਉਹਾਰ ਮੌਕੇ ਚਾਈਨਿਸ ਲੜੀਆਂ ਨੂੰ ਛੱਡ ਕੇ ਵੱਧ ਤੋਂ ਵੱਧ ਮਿੱਟੀ ਦੇ ਦੀਵੇ ਜਗਾਉ, ਕਿਉਂਕਿ ਇਸ ਨਾਲ ਬਹੁਤ ਸਾਰੇ ਬੈਕਟੀਰੀਆ ਖਤਮ ਹੋਣਗੇ ਤੇ ਨਾਲ ਹੀ ਡੇਂਗੂ ਜਿਹੀਆਂ ਬਿਮਾਰੀਆਂ ਤੇ ਕੁਝ ਹੱਦ ਤੱਕ ਰੋਕਥਾਮ ਲੱਗੇ। ਉਨਾਂ ਆਖਿਆ ਕਿ ਪਹਿਲਾਂ ਹੀ ਮੰਦੀ ਦੀ ਮਾਰ ਝੱਲ ਰਹੇ ਦੀਵੇ ਬਣਾਉਣ ਵਾਲੇ ਕਾਰੀਗਰਾਂ ਨੂੰ ਹੁਣ ਚਾਈਨਿਸ ਲੜੀਆਂ ਦੇ ਆ ਜਾਣ ਕਾਰਨ ਹੋ ਜਿਆਦਾ ਮੰਦਹਾਲੀ ਦੇ ਦੌਰ 'ਚ ਧਕੇਲ ਦਿੱਤਾ ਹੈ। ਹੰਸ ਰਾਜ ਨੇ ਦੱਸਿਆ ਕਿ ਮਿੱਟੀ ਦੇ ਬਣੇ ਦੀਵੇ, ਪਾਣੀ ਵਾਲੇ ਵਾਟਰ ਕੂਲਰ, ਘੜੇ, ਤਵੇ, ਗਿਲਾਸ ਆਦਿ ਦੀ ਵੱਧ ਤੋਂ ਵੱਧ ਵਰਤੋਂ ਕਰੋ ਤਾਂ ਕਿ ਆਪਣਾ ਸਰੀਰ ਬਿਮਾਰੀਆਂ ਰਹਿਤ ਬਣਿਆ ਰਹੇ। ਇਸ ਨਾਲ ਹੱਥੀਂ ਕਿਰਤ ਕਰਨ ਵਾਲਿਆਂ ਦਾ ਮੁੱਲ ਪੈਣਾ ਵੀ ਸੁਭਾਵਿਕ ਹੈ। ਹੰਸਰਾਜ ਨੇ ਅਪੀਲ ਕੀਤੀ ਕਿ ਇਸ ਵਾਰ 100 ਫੀਸਦੀ ਨਹੀਂ ਤਾਂ ਘੱਟੋ ਘੱਟੋ 50 ਫੀਸਦੀ ਹੀ ਦੀਵੇ ਜਰੂਰ ਜਗਾਏ ਜਾਣ ਤਾਂ ਜੋ ਹੱਥੀਂ ਕਿਰਤ ਕਰਨ ਵਾਲਿਆਂ ਦਾ ਮਨੋਬਲ ਹੋ ਵੱਧ ਸਕੇ। ਉਨਾਂ ਆਪਣੇ ਪ੍ਰਜਾਪਤ ਭਰਾਵਾਂ ਨੂੰ ਵੀ ਸੁਨੇਹਾ ਦਿੱਤਾ ਕਿ ਆਪਣੇ ਮਿੱਟੀ ਦੇ ਕੰਮ ਨੂੰ ਖਤਮ ਹੋਣ ਤੋਂ ਬਚਾਉਣ ਤਾਂ ਕਿ ਜੋ ਆਪਣੇ ਮਿੱਟੀ ਦੇ ਬਣੇ ਭਾਂਡੇ ਦੁਬਾਰਾ ਵੱਧ ਤੋਂ ਵੱਧ ਵਰਤੇ ਜਾ ਜਾਣ, ਜਿਵੇਂ ਕਿ ਪਾਣੀ ਦੇ ਵਾਟਰ ਕੂਲਰ, ਤਵੇ, ਗਿਲਾਸ, ਘੜੇ, ਕੁੰਡੇ, ਗਮਲੇ ਅਤੇ ਮਿੱਟੀ ਦੀਆਂ ਹੋਰ ਫੈਨਸੀ ਆਈਟਮਾਂ ਆਦਿ ਜਿਸ ਨਾਲ ਹੱਥੀਂ ਕੰਮ ਕਰਨ ਵਾਲੇ ਮੇਰੇ ਪ੍ਰਜਾਪਤ ਭਰਾਵਾਂ ਦਾ ਮਨੋਬਲ ਹੋ ਵੱਧ ਸਕੇ। ਹੰਸ ਰਾਜ ਨੇ ਆਖਿਆ ਕਿ ਅੱਜ ਮਿੱਟੀ ਨੂੰ ਤਰਾਸ਼ ਕੇ ਸੋਨਾ ਬਣਾਉਣ ਵਾਲਾ ਖੁਦ ਸਹੂਲਤਾਂ ਤੋਂ ਵਾਂਝਾ ਹੁੰਦਾ ਦਿਖਾਈ ਦੇ ਰਿਹਾ ਹੈ, ਜਿਸ ਵੱਲ ਸਰਕਾਰ ਦਾ ਬਿਲਕੁਲ ਵੀ ਧਿਆਨ ਨਹੀਂ। ਉਹਨਾ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਲੋਕਾਂ ਨੂੰ ਵੱਧ ਤੋਂ ਵੱਧ ਮਿੱਟੀ ਦੇ ਬਣੇ ਦੀਵੇ ਜਗਾਉਣ ਲਈ ਪ੍ਰੇਰਿਤ ਜਰੂਰ ਕਰਨ ਤਾਂ ਜੋ ਮਿੱਟੀ ਦੇ ਬਣੇ ਬਰਤਨਾ ਵੱਲ ਲੋਕਾਂ ਦੀ ਰੁਝਾਨ ਵੱਧ ਸਕੇ।

## ਓਪਨ ਨੈਸ਼ਨਲ ਖੇਡਾਂ 'ਚ ਡਰੀਮਲੈਂਡ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਜਿੱਤੇ ਗੋਲਡ ਮੈਡਲ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 15 ਅਕਤੂਬਰ : ਪ੍ਰਜਾਪਤੀ ਕੁੰਮਹਾਰ ਮਹਾਂਸੰਘ ਜਲਾਲਾਬਾਦ ਦੇ ਯੂਥ ਚੇਅਰਮੈਨ ਸ਼੍ਰੀ ਹੰਸਰਾਜ ਪ੍ਰਜਾਪਤੀ ਸਮਾਜਸੇਵੀ ਨੇ ਇਸ ਅਖਬਾਰ ਦੇ ਪੱਤਰਕਾਰ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਦੱਸਿਆ ਕਿ ਦੇਸ਼ ਭਰ 'ਚ ਦੀਵਾਲੀ ਦੇ ਤਿਉਹਾਰ ਮੌਕੇ ਮਿੱਟੀ ਦੇ ਦੀਵੇ ਸਰੋਂ ਦੇ ਤੇਲ ਨਾਲ ਜਗਾਉਣ ਦੀ ਪਰੰਪਰਾ ਪੁਰਾਤਨ ਕਾਲ ਤੋਂ ਚੱਲੀ ਆ ਰਹੀ ਹੈ ਤੇ ਦੀਵਾਲੀ ਦੇ ਇਸ ਪਵਿੱਤਰ ਤਿਉਹਾਰ ਮੌਕੇ ਚਾਈਨਿਸ ਲੜੀਆਂ ਨੂੰ ਛੱਡ ਕੇ ਵੱਧ ਤੋਂ ਵੱਧ ਮਿੱਟੀ ਦੇ ਦੀਵੇ ਜਗਾਉ, ਕਿਉਂਕਿ ਇਸ ਨਾਲ ਬਹੁਤ ਸਾਰੇ ਬੈਕਟੀਰੀਆ ਖਤਮ ਹੋਣਗੇ ਤੇ ਨਾਲ ਹੀ ਡੇਂਗੂ ਜਿਹੀਆਂ ਬਿਮਾਰੀਆਂ ਤੇ ਕੁਝ ਹੱਦ ਤੱਕ ਰੋਕਥਾਮ ਲੱਗੇ। ਉਨਾਂ ਆਖਿਆ ਕਿ ਪਹਿਲਾਂ ਹੀ ਮੰਦੀ ਦੀ ਮਾਰ ਝੱਲ ਰਹੇ ਦੀਵੇ ਬਣਾਉਣ ਵਾਲੇ ਕਾਰੀਗਰਾਂ ਨੂੰ ਹੁਣ ਚਾਈਨਿਸ ਲੜੀਆਂ ਦੇ ਆ ਜਾਣ ਕਾਰਨ ਹੋ ਜਿਆਦਾ ਮੰਦਹਾਲੀ ਦੇ ਦੌਰ 'ਚ ਧਕੇਲ ਦਿੱਤਾ ਹੈ। ਹੰਸ ਰਾਜ ਨੇ ਦੱਸਿਆ ਕਿ ਮਿੱਟੀ ਦੇ ਬਣੇ ਦੀਵੇ, ਪਾਣੀ ਵਾਲੇ ਵਾਟਰ ਕੂਲਰ, ਘੜੇ, ਤਵੇ, ਗਿਲਾਸ ਆਦਿ ਦੀ ਵੱਧ ਤੋਂ ਵੱਧ ਵਰਤੋਂ ਕਰੋ ਤਾਂ ਕਿ ਆਪਣਾ ਸਰੀਰ ਬਿਮਾਰੀਆਂ ਰਹਿਤ ਬਣਿਆ ਰਹੇ। ਇਸ ਨਾਲ ਹੱਥੀਂ ਕਿਰਤ ਕਰਨ ਵਾਲਿਆਂ ਦਾ ਮੁੱਲ ਪੈਣਾ ਵੀ ਸੁਭਾਵਿਕ ਹੈ। ਹੰਸਰਾਜ ਨੇ ਅਪੀਲ ਕੀਤੀ ਕਿ ਇਸ ਵਾਰ 100 ਫੀਸਦੀ ਨਹੀਂ ਤਾਂ ਘੱਟੋ ਘੱਟੋ 50 ਫੀਸਦੀ ਹੀ ਦੀਵੇ ਜਰੂਰ ਜਗਾਏ ਜਾਣ ਤਾਂ ਜੋ ਹੱਥੀਂ ਕਿਰਤ ਕਰਨ ਵਾਲਿਆਂ ਦਾ ਮਨੋਬਲ ਹੋ ਵੱਧ ਸਕੇ। ਉਨਾਂ ਆਪਣੇ ਪ੍ਰਜਾਪਤ ਭਰਾਵਾਂ ਨੂੰ ਵੀ ਸੁਨੇਹਾ ਦਿੱਤਾ ਕਿ ਆਪਣੇ ਮਿੱਟੀ ਦੇ ਕੰਮ ਨੂੰ ਖਤਮ ਹੋਣ ਤੋਂ ਬਚਾਉਣ ਤਾਂ ਕਿ ਜੋ ਆਪਣੇ ਮਿੱਟੀ ਦੇ ਬਣੇ ਭਾਂਡੇ ਦੁਬਾਰਾ ਵੱਧ ਤੋਂ ਵੱਧ ਵਰਤੇ ਜਾ ਜਾਣ, ਜਿਵੇਂ ਕਿ ਪਾਣੀ ਦੇ ਵਾਟਰ ਕੂਲਰ, ਤਵੇ, ਗਿਲਾਸ, ਘੜੇ, ਕੁੰਡੇ, ਗਮਲੇ ਅਤੇ ਮਿੱਟੀ ਦੀਆਂ ਹੋਰ ਫੈਨਸੀ ਆਈਟਮਾਂ ਆਦਿ ਜਿਸ ਨਾਲ ਹੱਥੀਂ ਕੰਮ ਕਰਨ ਵਾਲੇ ਮੇਰੇ ਪ੍ਰਜਾਪਤ ਭਰਾਵਾਂ ਦਾ ਮਨੋਬਲ ਹੋ ਵੱਧ ਸਕੇ। ਹੰਸ ਰਾਜ ਨੇ ਆਖਿਆ ਕਿ ਅੱਜ ਮਿੱਟੀ ਨੂੰ ਤਰਾਸ਼ ਕੇ ਸੋਨਾ ਬਣਾਉਣ ਵਾਲਾ ਖੁਦ ਸਹੂਲਤਾਂ ਤੋਂ ਵਾਂਝਾ ਹੁੰਦਾ ਦਿਖਾਈ ਦੇ ਰਿਹਾ ਹੈ, ਜਿਸ ਵੱਲ ਸਰਕਾਰ ਦਾ ਬਿਲਕੁਲ ਵੀ ਧਿਆਨ ਨਹੀਂ। ਉਹਨਾ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਲੋਕਾਂ ਨੂੰ ਵੱਧ ਤੋਂ ਵੱਧ ਮਿੱਟੀ ਦੇ ਬਣੇ ਦੀਵੇ ਜਗਾਉਣ ਲਈ ਪ੍ਰੇਰਿਤ ਜਰੂਰ ਕਰਨ ਤਾਂ ਜੋ ਮਿੱਟੀ ਦੇ ਬਣੇ ਬਰਤਨਾ ਵੱਲ ਲੋਕਾਂ ਦੀ ਰੁਝਾਨ ਵੱਧ ਸਕੇ।

## ਬੱਸ ਕੰਡਕਟਰ/ ਮਿੰਨੀ ਕਹਾਣੀ

ਵਰਲਡ ਪੰਜਾਬੀ ਟਾਈਮਜ਼ ਮਹਿੰਦਰ ਸਿੰਘ ਮਾਨ



ਫੇਸਬੁੱਕ ਤੇ ਬਣੇ ਆਪਣੇ ਮਿੱਤਰ ਨੂੰ ਮਿਲਣ ਲਈ ਅੱਜ ਇਕਬਾਲ ਸਿੰਘ ਬੁਢਲਾਡੇ ਜਾ ਰਿਹਾ ਸੀ।ਪਹਿਲਾਂ ਉਹ ਨਵਾਂ ਸ਼ਹਿਰ ਤੋਂ ਲੁਧਿਆਣੇ ਤੇ ਫਿਰ ਲੁਧਿਆਣੇ ਤੋਂ ਬਰਨਾਲੇ ਬੱਸ ਰਾਹੀਂ ਪਹੁੰਚ ਗਿਆ।

ਫਿਰ ਉਹ ਬਰਨਾਲੇ ਤੋਂ ਬੁਢਲਾਡੇ ਜਾਣ ਵਾਲੀ ਪੈਪਸੂ ਬੱਸ ਵਿੱਚ ਬੈਠ ਗਿਆ। ਬਰਨਾਲੇ ਦੇ ਬੱਸ ਅੱਡੇ ਤੋਂ ਤੁਰਨ ਵੇਲੇ ਇਸ ਵਿੱਚ ਪੰਦਰਾਂ, ਸੋਲਾਂ ਸਵਾਰੀਆਂ ਬੈਠੀਆਂ ਸਨ। ਅੱਡੇ ਤੋਂ ਬੱਸ ਦੇ ਬਾਹਰ ਨਿਕਲਣ ਪਿੱਛੋਂ ਬੱਸ ਕੰਡਕਟਰ ਟਿਕਟਾਂ ਕੱਟਣ ਲੱਗ ਪਿਆ। ਕੁਝ ਸਵਾਰੀਆਂ ਨੇ ਉਸ ਨੂੰ ਪੂਰਾ ਕਿਰਾਇਆ ਦਿੱਤਾ ਤੇ ਕੁਝ ਨੇ ਕਿਰਾਏ ਤੋਂ ਵੱਧ ਪੈਸੇ ਦਿੱਤੇ। ਉਹ ਸਭ ਨੂੰ ਟਿਕਟਾਂ ਦੇ ਕੇ ਬਕਾਇਆ ਮੋੜੇ ਬਿਨਾਂ ਅੱਗੇ ਲੰਘ ਗਿਆ ਤੇ ਡਰਾਈਵਰ ਦੇ ਲਾਗੇ ਜਾ ਕੇ ਬੈਠ ਗਿਆ।

ਬਰਨਾਲੇ ਤੋਂ ਬੁਢਲਾਡੇ ਤੱਕ ਡੇਢ ਘੰਟੇ ਦਾ ਸਫਰ ਸੀ। ਜਿਸ ਬੱਸ ਅੱਡੇ ਤੇ ਬੱਸ ਕੰਡਕਟਰ ਨੂੰ ਸਵਾਰੀਆਂ ਖੜ੍ਹੀਆਂ ਦਿੱਸੀਆਂ, ਉੱਥੋਂ ਉਹ ਉਨ੍ਹਾਂ ਨੂੰ ਚੜ੍ਹਾਂਦਾ ਗਿਆ। ਜਦੋਂ ਉਹ ਨਵੀਆਂ ਆਈਆਂ ਸਵਾਰੀਆ ਦੇ ਟਿਕਟ ਕੱਟਦਾ ਪਹਿਲਾਂ ਬੈਠੀਆਂ ਸਵਾਰੀਆਂ ਕੋਲੋਂ ਲੰਘਦਾ, ਉਹ ਉਸ ਕੋਲੋਂ ਬਕਾਇਆ ਮੰਗਣ ਲੱਗ ਪੈਂਦੀਆਂ ਪਰ ਉਹ "ਠਹਿਰ ਕੇ ਦਿੰਦੇ ਆਂ" ਕਹਿ ਕੇ ਅੱਗੇ ਲੰਘ ਜਾਂਦਾ। ਅਖੀਰ ਬੱਸ ਬੁਢਲਾਡੇ ਦੇ ਬੱਸ ਅੱਡੇ ਪਹੁੰਚ ਗਈ। ਸਾਰੀਆਂ ਸਵਾਰੀਆਂ ਬੱਸ ਚੋਂ ਉਤਰ ਗਈਆਂ। ਬਕਾਇਆ ਲੈਣ ਵਾਲੀਆਂ ਸਵਾਰੀਆਂ ਬੱਸ ਕੰਡਕਟਰ ਦੇ ਆਲੇ- ਦੁਆਲੇ ਖੜ੍ਹ ਗਈਆਂ। ਕੁਝ ਨੂੰ ਉਸ ਨੇ ਬਕਾਇਆ ਦੇ ਦਿੱਤਾ ਤੇ ਕੁਝ ਨੂੰ ਇਹ ਕਹਿ ਕੇ ਟਾਲ ਦਿੱਤਾ ਕਿ ਉਨ੍ਹਾਂ ਦੇ ਟਿਕਟਾਂ ਪਿੱਛੇ ਬਕਾਇਆ ਲਿਖਿਆ ਹੋਇਆ ਨਹੀਂ। ਸਵਾਰੀਆਂ ਕੋਲ ਉਸ ਨਾਲ ਬਹਿਸ ਕਰਨ ਦਾ ਸਮਾਂ ਕਿੱਥੇ ਸੀ? ਉਹ ਛੇਤੀ ਹੀ ਉੱਥੋਂ ਚਲੇ ਗਈਆਂ। ਇਸੇ ਸਮੇਂ ਦੌਰਾਨ ਇਕਬਾਲ ਸਿੰਘ ਦਾ ਫੇਸਬੁੱਕ ਤੇ ਬਣਿਆ ਮਿੱਤਰ ਉਸ ਨੂੰ ਆਪਣੇ ਘਰ ਲਿਜਾਣ ਲਈ ਆ ਗਿਆ। ਉਹ ਇਕਬਾਲ ਸਿੰਘ ਨੂੰ ਮੋਟਰਸਾਈਕਲ ਤੇ ਬੈਠਾ ਕੇ ਆਪਣੇ ਘਰ ਵੱਲ ਨੂੰ ਤੁਰ ਪਿਆ।

## ਅਰਪਨ ਲਿਖਾਰੀ ਸਭਾ ਕੈਲਗਰੀ ਦੀ ਅਕਤੂਬਰ ਮਹੀਨੇ ਦੀ ਮੀਟਿੰਗ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 15 ਅਕਤੂਬਰ : ਅਰਪਨ ਲਿਖਾਰੀ ਸਭਾ ਦੀ ਅਕਤੂਬਰ ਮਹੀਨੇ ਦੀ ਮੀਟਿੰਗ ਜਸਵੰਤ ਸਿੰਘ ਸੇਖੋਂ ਅਤੇ ਬੀਬੀ ਕਿਰਨਜੋਤ ਹੁੰਝਣ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿੱਚ ਹੋਈ। ਪ੍ਰੋਗਰਾਮ ਦਾ ਸੰਚਾਲਨ ਦਰਸ਼ਨ ਸਿੰਘ ਬਰਾੜ ਨੇ ਕੀਤਾ। ਸ਼ੁਰੂਆਤ ਵਿੱਚ ਰਾਜਬੀਰ ਜਵੰਦਾ, ਕੁਲਵਿੰਦਰ ਸਿੰਘ (ਬਾਡੀ ਬਿਲਡਰ), ਪ੍ਰੋ. ਗੁਰਮੀਤ ਸਿੰਘ ਟਿਵਾਣਾ ਅਤੇ ਡਾ. ਪ੍ਰੀਤਮ ਸਿੰਘ ਕੈਂਬੋ ਦੇ ਵਿਛੋੜੇ 'ਤੇ ਇੱਕ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।




ਇਸ ਮੌਕੇ ਗੁਰੂ ਰਾਮਦਾਸ ਜੀ ਦੇ ਗੁਰਪੁਰਬ, ਦੁਸਹਿਰਾ ਅਤੇ ਦੀਵਾਲੀ ਦੀਆਂ ਵਧਾਈਆਂ ਸਾਂਝੀਆਂ ਕੀਤੀਆਂ ਗਈਆਂ। ਸੁਖਮੰਦਰ ਸਿੰਘ ਗਿੱਲ ਨੇ ਗੁਰੂ ਰਾਮਦਾਸ ਜੀ ਦੀ ਸਿਫ਼ਤ ਵਿਚ ਸ਼ਬਦ ਗਾਇਨ ਕਰਕੇ ਸਮਾਗਮ ਦੀ ਸ਼ੁਰੂਆਤ ਕੀਤੀ। ਇੰਜੀਨੀਅਰ ਜੀਰ ਸਿੰਘ ਬਰਾੜ ਨੇ ਪੰਜਾਬ ਬਿਜਲੀ ਬੋਰਡ ਦੇ ਆਪਣੇ ਅਨੁਭਵ ਸਾਂਝੇ ਕੀਤੇ। ਨੌਜਵਾਨ ਕਵੀ ਤਾਜਬੀਰ ਨੇ ਆਪਣੀ ਕਵਿਤਾ ਰਾਹੀਂ ਜਵਾਨ ਪੀੜ੍ਹੀ ਨੂੰ ਸੋਚਣ ਲਈ ਪ੍ਰੇਰਿਤ ਕੀਤਾ, ਜਦਕਿ ਜੈ ਸਿੰਘ ਉੱਪਲ ਨੇ ਧੀਆਂ ਬਾਰੇ ਸੰਵੇਦਨਸ਼ੀਲ ਕਵਿਤਾ ਪੇਸ਼ ਕੀਤੀ।

ਬਲਕਾਰ ਸਿੰਘ ਨੇ ਆਪਣੇ ਬਾਰੇ ਦਿਲਚਸਪ ਜਾਣਕਾਰੀ ਸਾਂਝੀ ਕੀਤੀ ਅਤੇ ਜਰਨੈਲ ਤੱਗੜ ਨੇ ਨੌਜਵਾਨਾਂ ਦੇ ਬਦਲਦੇ ਰੁਝਾਨਾਂ ਤੇ ਚਿੰਤਾ ਪ੍ਰਗਟ ਕੀਤੀ। ਸਰੂਪ ਸਿੰਘ ਮੰਡੇਰ ਤੇ ਜਸਵੰਤ ਸਿੰਘ ਸੇਖੋਂ ਨੇ ਕਵੀਸ਼ਰੀ ਰੂਪ ਵਿੱਚ "ਤੋੜੀ ਜਾਂਦਾ ਫੁੱਲ ਫੁਲੇਰਾ" ਸੁਣਾ ਕੇ ਸਮਾਗਮ ਨੂੰ ਰੰਗ ਬਖ਼ਸ਼ਿਆ। ਸਰਦੂਲ ਸਿੰਘ ਲੱਖਾ, ਕਿਰਨਜੋਤ ਹੁੰਝਣ, ਹਰਭਜਨ ਸਿੰਘ ਬਿਹਾਲਾ, ਗੁਰਚਰਨ ਸਿੰਘ ਹੇਰਾਂ ਅਤੇ ਬਲਜਿੰਦਰ ਮਾਂਗਟ ਨੇ ਵੀ ਆਪਣੀਆਂ ਕਵਿਤਾਵਾਂ ਰਾਹੀਂ ਵੱਖ-ਵੱਖ ਸਮਾਜਿਕ ਮੁੱਦੇ ਛੋਹੇ।

ਸਤਨਾਮ ਸਿੰਘ ਢਾਅ ਅਤੇ ਜਸਵੰਤ ਸਿੰਘ ਸੇਖੋਂ ਨੇ ਪਾਲ ਸਿੰਘ ਪੰਛੀ ਦੀ ਰਚਨਾ ਰਾਹੀਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਦਿੱਤੀ। ਪ੍ਰਿੰਸੀਪਲ ਬਲਦੇਵ ਸਿੰਘ ਦੁਲੱਟ ਨੇ ਕਿਸਾਨੀ ਸੰਕਟ ਬਾਰੇ ਕਵਿਤਾ ਰਾਹੀਂ ਚੜ੍ਹਦੀ ਕਲਾ ਦਾ ਸੁਨੇਹਾ ਦਿੱਤਾ। ਦਰਸ਼ਨ ਸਿੰਘ ਬਰਾੜ ਦੀ ਕਵਿਤਾ "ਪੁੱਤ ਸਾਡਾ ਚੰਡੀਗੜ੍ਹ ਨੇ ਪੱਟਿਆ" ਨੇ ਜਵਾਨੀ ਦੇ ਭਟਕੇ ਰਾਹਾਂ ਨੂੰ ਉਜਾਗਰ ਕੀਤਾ, ਜਦਕਿ ਅੰਗਰੇਜ਼ ਸਿੰਘ ਸੀਤਲ ਨੇ ਗ਼ਜ਼ਲ ਤੇ ਗੀਤ ਸੁਣਾ ਕੇ ਸਭਾ ਨੂੰ ਮੋਹ ਲਿਆ।

ਸਮਾਗਮ ਵਿੱਚ ਮੁਖਵਿੰਦਰ ਸਿੰਘ ਉੱਪਲ, ਮਹਿੰਦਰ ਕੌਰ ਕਾਲੀਰਾਏ ਅਤੇ ਸੁਖਦੇਵ ਕੌਰ ਢਾਅ ਦੀ ਹਾਜ਼ਰੀ

## ਭਗਵੰਤ ਮਾਨ ਸਰਕਾਰ ਦੇ ਮੰਤਰੀ ਮੰਡਲ ਦੀ 13 ਅਕਤੂਬਰ ਦੀ ਮੀਟਿੰਗ ਨੇ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਕੀਤਾ ਬੁਰੀ ਤਰ੍ਹਾਂ ਨਿਰਾਸ਼- ਫਿੱਕੀ ਦੀਵਾਲੀ ਮਨਾਉਣ ਲਈ ਹੋਏ ਮਜਬੂਰ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫਰੀਦਕੋਟ 15 ਅਕਤੂਬਰ : ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪਿਛਲੇ ਦਿਨੀ 8 ਅਕਤੂਬਰ ਨੂੰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੀ ਲੀਡਰਸ਼ਿਪ ਨਾਲ ਕੀਤੀ ਗਈ ਮੀਟਿੰਗ ਦੌਰਾਨ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਡੀ ਏ ਦੀਆਂ ਬਕਾਇਆ ਪਈਆਂ ਕਿਸ਼ਤਾਂ ਦੀਵਾਲੀ ਤੋਂ ਪਹਿਲਾਂ ਦੇਣ ਦਾ ਵਾਅਦਾ ਕੀਤਾ ਗਿਆ ਸੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਬੀਤੇ ਕੱਲ੍ਹ ਪੰਜਾਬ ਮੰਤਰੀ ਮੰਡਲ ਦੀ ਹੋਈ ਮੀਟਿੰਗ ਵਿੱਚ ਇਹ ਵਾਅਦਾ ਕਾਫੂਰ ਹੋ ਗਿਆ ਹ।ਇਸ ਕਾਰਨ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਭਗਵੰਤ ਮਾਨ ਸਰਕਾਰ ਵਿਰੁੱਧ ਭਾਰੀ ਰੋਸ ਅਤੇ ਗੁੱਸਾ ਪੈਦਾ ਹੋ ਗਿਆ ਹੈ। ਹੁਣ ਪੰਜਾਬ ਦੇ ਲੱਖਾਂ ਮੁਲਾਜ਼ਮ ਅਤੇ ਪੈਨਸ਼ਨਰ




ਫਿੱਕੀ ਦੀਵਾਲੀ ਮਨਾਉਣ ਲਈ ਮਜਬੂਰ ਹੋ ਗਏ ਹਨ। ਇਹ ਐਲਾਨ ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਜ਼ਿਲ੍ਹਾ ਫਰੀਦਕੋਟ ਦੀ ਅੱਜ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਕੁਲਵੰਤ ਸਿੰਘ ਚਾਨੀ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ, ਪੈਨਸ਼ਨਰ ਆਗੂ ਅਸ਼ੋਕ ਕੌਸ਼ਲ, ਇਕਬਾਲ ਸਿੰਘ ਮੰਘੇੜਾ , ਸੋਮ ਨਾਥ ਅਰੋੜਾ , ਤਰਸੇਮ ਨਰੂਲਾ , ਅਮਰਜੀਤ ਕੌਰ ਛਾਬੜਾ, ਇਕਬਾਲ ਸਿੰਘ ਰਣ ਸਿੰਘ ਵਾਲਾ ਵੱਲੋਂ ਕੀਤਾ ਗਿਆ। ਆਗੂਆਂ ਨੇ ਆਪਣੇ ਸੰਬੋਧਨ ਵਿੱਚ ਪੰਜਾਬ ਸਰਕਾਰ ਤੇ ਦੋਸ਼ ਲਾਇਆ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਆਪਣੇ ਚੋਣ ਮਨੋਰਥ ਪੱਤਰ ਵਿੱਚ ਲੋਕਾਂ ਨਾਲ ਕੀਤੇ ਗਏ ਬਹੁਤ ਸਾਰੇ ਵਾਅਦਿਆਂ ਤੋਂ ਸ਼ਰੇਆਮ ਮੁੱਕਰ ਗਈ ਹੈ ਜਿਵੇਂ ਕਿ ਪੈਨਸ਼ਨਰਾਂ ਲਈ 2.59 ਦਾ ਗੁਣਾਕ ਲਾਗੂ ਕਰਨਾ, ਜਨਵਰੀ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਸੋਧੇ ਤਨਖਾਹ ਸਕੇਲਾਂ ਦਾ ਬਣਦਾ ਬਕਾਇਆ ਯਕਮੁਸ਼ਤ ਦੇਣਾ, ਮਹਿੰਗਾਈ ਭੱਤੇ ਦੀਆਂ 16 ਫੀਸਦੀ ਦੀ ਦਰ ਨਾਲ ਬਕਾਇਆ ਪਈਆਂ ਪੰਜ ਕਿਸ਼ਤਾਂ ਦੇਣਾ, ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨਾ, ਮਾਨਯੋਗ ਅਦਾਲਤਾਂ ਵੱਲੋਂ ਮੁਲਾਜ਼ਮਾਂ ਦੇ ਹੱਕ ਵਿੱਚ ਕੀਤੇ ਗਏ ਫੈਸਲਿਆਂ ਨੂੰ ਜਨਰਲਾਈਜ਼ ਕਰਨ ਦੀ ਬਜਾਏ ਹੋਰ ਲਮਕਾਉਣਾ ਆਦਿ ਮੁੱਖ ਤੌਰ ਤੇ ਸ਼ਾਮਿਲ ਹਨ । ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ 17 ਅਕਤੂਬਰ ਨੂੰ ਮੋਗਾ ਵਿਖੇ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੇ ਬਰਸੀ ਸਮਾਗਮ ਵਿੱਚ ਫਰੀਦਕੋਟ ਜ਼ਿਲ੍ਹੇ ਦੇ ਪੈਨਸ਼ਨਰਾਂ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ।

ਇੱਕ ਮਤੇ ਰਾਹੀਂ ਪਿਛਲੇ ਦਿਨੀਂ ਹਰਿਆਣਾ ਦੇ ਏ ਡੀ ਜੀ ਪੀ ਵਾਈ ਪੂਰਨ ਕੁਮਾਰ ਖੁਦਕੁਸ਼ੀ ਮਾਮਲੇ ਦੇ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ , ਭਾਰਤ ਦੀ ਸਰਵਉੱਚ ਅਦਾਲਤ ਦੇ ਮੁੱਖ ਜੱਜ ਜਸਟਿਸ ਗਵਈ ਤੇ ਡਿਊਟੀ ਦੌਰਾਨ ਇੱਕ ਵਕੀਲ ਵੱਲੋਂ ਜੁੱਤੀ ਉਛਾਲੇ ਜਾਣ ਨੂੰ ਨਿਆਂਪਾਲਿਕਾ ਲਈ ਗੰਭੀਰ ਖਤਰਾ ਕਰਾਰ ਦਿੱਤਾ ਗਿਆ, ਇੱਕ ਹੋਰ ਮਤੇ ਰਾਹੀਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਲੱਦਾਖ ਦੇ ਹਰਮਨ ਪਿਆਰੇ ਲੋਕ ਆਗੂ ਸੋਨਮ ਵਾਂਗਚੁਕ ਦੀ 'ਰਾਸ਼ਟਰੀ ਸੁਰੱਖਿਆ ਕਾਨੂੰਨ' ਤਹਿਤ ਕੀਤੀ ਗ੍ਰਿਫਤਾਰੀ ਤੁਰੰਤ ਰੱਦ ਕਰਕੇ ਬਿਨਾਂ ਸ਼ਰਤ ਰਿਹਾਈ ਕੀਤੀ ਜਾਵੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਜਸਵਿੰਦਰ ਸਿੰਘ ਬਰਾੜ ਸੇਵਾ ਮੁਕਤ ਪੇਂਡੂ ਵਿਕਾਸ ਅਧਿਕਾਰੀ, ਰਮੇਸ਼ਵਰ ਸਿੰਘ ਸੁਪਰਡੈਂਟ, ਹਰਦੀਪ ਸਿੰਘ ਫਿਡੂ ਭਲਵਾਨ, ਮਲਕੀਤ ਸਿੰਘ ਢਿੱਲਵਾਂ ਕਲਾਂ ਸੁਪਰਡੈਂਟ, ਹਾਕਮ ਸਿੰਘ ਡੀ ਪੀ ਈ, ਮੰਦਰ ਸਿੰਘ ਲੈਕਚਰਾਰ , ਮਦਨ ਲਾਲ ਸ਼ਰਮਾ ਸੰਧਵਾਂ, ਗੇਜ ਰਾਮ ਭੌਰਾ , ਸੁਖਦਰਸ਼ਨ ਸਿੰਘ ਗਿੱਲ , ਗੁਲਵੰਤ ਸਿੰਘ ਔਲਖ, ਪਰਮਿੰਦਰ ਸਿੰਘ ਜਟਾਣਾ ਅਤੇ ਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

## ਇੱਕ ਪੜਚੋਲ ਇਹ ਵੀ!

ਜੋ ਝੂਠੀ ਵਾਹ ਵਾਹ ਨੇ ਕਰਦੇ।
ਉਹੀ ਲੋਕ ਤਬਾਹ ਨੇ ਕਰਦੇ।

ਮਿੱਠੀ ਰਸਨਾ ਛੁਰੀ ਅਸਲ ਵਿੱਚ,
ਜੀਹਦੇ ਨਾਲ ਜਿਬਾਹ ਨੇ ਕਰਦੇ।

ਮੂੰਹ 'ਤੇ ਗ਼ਲਤ, ਸਹੀ ਦਾ ਨਿਰਣਾ,
ਅਸਲੀ ਖੈਰ ਖਵਾਹ ਨੇ ਕਰਦੇ।

ਵਿੱਚ ਦੁਚਿੱਤੀਆਂ ਜੋ ਸ਼ੁਭਚਿੰਤਕ,
'ਕੱਲਿਆਂ ਰਾਏ, ਸਲਾਹ ਨੇ ਕਰਦੇ

ਪਰ ਕੁਝ ਸੜੀਅਲ ਨੁਕਤਾਚੀਨੀ,
ਬਿਲਕੁੱਲ ਬਿਨਾਂ ਵਜਾਹ ਨੇ ਕਰਦੇ।

ਅਹੁਦੇਦਾਰ ਅਖੌਤੀ ਅਕਸਰ,
'ਗੱਲਾਂ ਵਾਲ਼ਾ ਕੜਾਹ' ਨੇ ਕਰਦੇ।

ਰੋਮੀਆਂ ਨਵਿਆਂ, ਉੱਭਰਦਿਆਂ ਨੂੰ,
ਲਾ ਕੇ ਜੋਰ ਫਨਾਹ ਨੇ ਕਰਦੇ

ਪਰ ਘਾਹ ਵਾਂਗੂੰ ਉੱਗ ਪੈਣ ਉਹ,
ਜੋ ਕੰਮ ਬਿਨ ਪਰਵਾਹ ਨੇ ਕਰਦੇ।

ਜੋ ਝੂਠੀ ਵਾਹ ਵਾਹ ਨੇ ਕਰਦੇ।
ਉਹੀ ਲੋਕ ਤਬਾਹ ਨੇ ਕਰਦੇ।

ਵਰਲਡ ਪੰਜਾਬੀ ਟਾਈਮਜ਼ ਰੋਮੀ ਘੜਾਮੇਂ ਵਾਲ਼ਾ

## ਕਾਇਆ ਤੋਂ ਪਾਰ

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

ਰਾਤੀਂ ਅਜਬ ਤੱਕਿਆ ਇਕ ਸੁਪਨਾ ਸੁਪਨਾ ਟੁੱਟਾ
ਜਾਗ ਜੱਦ ਆਈ
ਹੜਬੜਾ ਮੈਂ ਉੱਠ ਖਲੋਈ
ਸੁੰਨ ਮੁੰਨ ਹੋਈ ਤੱਕਾਂ ਮੈਂ ਇਧਰ ਉਧਰ
ਅੱਖਾਂ ਮੱਲ ਮੱਲ ਖੋਲਾਂ, ਬੰਦ ਕਰਾਂ ਮੈਂ
ਸੱਚਮੁੱਚ ਕੀ ਇਹ ਸੁਪਨਾ ਸੀ
ਪੁੱਛਾਂ ਆਪਣੇ ਆਪ ਨੂੰ ਮੈਂ ਬਾਰ ਬਾਰ
ਸੁਪਨੇ ਤੇ ਮੈਨੂੰ ਯਕੀਨ ਨਾ ਆਵੇ
ਬਾਰ ਬਾਰ ਸੁਪਨਾ ਆਣ ਸਤਾਵੇ
ਡਿੱਕੋਡੋਲੇ ਖਾਂਦੇ ਮਨ ਨੂੰ ਕੌਣ ਸਮਝਾਵੇ
ਇਕ ਪੱਲ ਵੀ ਮੈਨੂੰ ਚੈਨ ਨਾ ਆਵੈ
ਕੀ ਇਸ ਤਰਾਂ ਵੀ ਕਦੀ ਹੁੰਦਾ ਹੈ
ਪਾਠ ਕਰ ਜੱਦ ਸੁੱਤੀ ਮੈਂ
ਅਜਬ ਗਜਬ ਤੱਕਿਆ ਇੱਕ ਸੁਪਨਾ
ਬੈਡ ਤੇ ਤਾਂ ਸੁੱਤੀ ਪਈ ਹਾਂ ਮੈਂ
ਪਰ ਮੇਰੀ ਕਾਇਆ ਉੱਪਰ ਹੋਰ ਉੱਪਰ
ਨੂੰ ਉੱਠਦੀ ਜਾ ਰਹੀ ਹੈ
ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ,
ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ
ਮੇਰੇ ਮੁੱਖ 'ਚੋਂ ਲਗਾਤਾਰ
ਉਚਾਰਨ ਹੋ ਰਿਹਾ ਹੈ
ਕਾਇਆ ਮੇਰੀ ਹੋਰ ਉਪਰ ਜਾ ਰਹੀ ਹੈ
ਜਿਵੇਂ ਬ੍ਰਹਿਮੰਡ ਨੂੰ ਜਾ ਰਹੀ ਹੋਵੇ
ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ,
ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ
ਦੇਹ ਅਡੋਲ ਉਪਰ ਜਾ ਰਹੀ ਹੈ
ਜਾਂਦਿਆਂ ਹੋਇਆਂ ਦੇਖ ਰਹੀ ਹਾਂ ਉਸਨੂੰ ਮੈਂ
ਆਸ ਪਾਸ ਨੂਰ ਹੀ ਨੂਰ ਹੈ
ਨੂਰ 'ਚੋਂ ਦੇਹ ਗੁਜ਼ਰਦੀ ਜਾ ਰਹੀ ਹੈ
ਵਿਸਮਾਦਿਤ ਹੋਈ ਦੇਖ ਰਹੀ ਹਾਂ
ਨਾਮ ਸਿਮਰਨ ਦਾ ਉਚਾਰਨ
ਕਰੀ ਜਾ ਰਹੀ ਹਾਂ
ਜਿਉਂ ਜਿਉਂ ਕਾਇਆ ਉਪਰ ਜਾ ਰਹੀ ਹੈ
ਵਾਹਿਗੁਰੂ, ਵਾਹਿਗੁਰੂ, ਧੰਨ ਗੁਰੂ ਨਾਨਕ
ਅਡੋਲ ਪਈ ਸਿਮਰਨ ਵੀ ਕਰੀ ਜਾ ਰਹੀ ਹਾਂ
ਅਚਾਨਕ ਕਾਇਆ ਨੀਚੇ ਆਉਣ ਲੱਗ ਪਈ
ਸਿਮਰਨ ਅਜੇ ਵੀ ਜਾਰੀ ਹੈ
ਕਾਇਆ ਮੇਰੀ ਹੁਣ ਦਿਖਣੋਂ ਬੰਦ ਹੋ ਗਈ
ਨੀਂਦ ਟੁੱਟੀ, ਡੋਰ ਭੋਰ ਹੋਈ
ਤੱਕਦੀ ਕੀ ਹਾਂ ਮੈਂ
ਬੈਡ ਤੇ ਪਈ ਹਾਂ ਹੁਣ ਤੇ ਮੈਂ
ਪਰ ਤੱਕਿਆ ਸੀ ਉਹ ਜੋ
ਸੋਚਦੀ ਹਾਂ, ਕੀ ਕੌਤਕ ਸੀ ਫਿਰ ਇਹ
ਪਰ ਜੋ ਦੇਖਿਆ, ਸੱਚ ਤੇ ਸੀ
ਯਕੀਨ ਨਾ ਆਏ, ਸੋਚਦੀ ਰਹੀ
ਸੁਪਨਾ ਇਸ ਤਰਾਂ ਦਾ ਆਇਆ ਕਿਉਂ ਮੈਨੂੰ
ਫਿਰ ਟੁੱਟ ਵੀ ਗਿਆ ਤੇ ਉਹ
ਅਲੌਕਿਕ ਦ੍ਰਿਸ਼ ਵੀ ਦਿਖਣਾ
ਹੁਣ ਬੰਦ ਹੋ ਗਿਆ
ਦਿਮਾਗ਼ ਤੇ ਹਾਵੀ ਹੈ ਉਹ ਸੁਪਨਾ ਅਜੇ ਵੀ
ਦਿਲੋ ਦਿਮਾਗ਼ ਤੇ ਛਾਇਆ ਪਿਆ ਹੈ
ਉਹ ਵਿਸਮਾਦੀ ਪੱਲ, ਕਾਇਆ ਤੋਂ ਪਾਰ
ਅਜੇ ਵੀ ਮੇਰੇ ਜ਼ਿਹਨ ਦੇ ਸਮੁੰਦਰ ਵਿਚ
ਡੁਬਕੀਆਂ ਲਗਾ ਰਹੇ ਨੇ
ਭਰੀ ਪਈ ਹਾਂ ਮੈਂ ਅਦੁੱਤੀ ਵਿਸਮਾਦ 'ਚ
ਅਨੋਖਾ ਸਰੂਰ ਆ ਰਿਹਾ ਹੈ
ਮਦਹੋਸ਼ੀ ਦੇ ਆਲਮ ਵਿੱਚ
ਅਜੇ ਵੀ ਮੁੱਖ 'ਚੋਂ
ਵਾਹਿਗੁਰੂ, ਵਾਹਿਗੁਰੂ
ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ
ਦਾ ਸਿਮਰਨ ਹੋ ਰਿਹਾ ਹੈ
ਪੁੱਛਦੀ ਹਾਂ ਆਪਣੇ ਆਪ ਨੂੰ
ਕੌਣ ਸਮਝਾਵੇ ਮੈਨੂੰ
ਕੀ ਅਰਥ ਹੋ ਸਕਦੇ ਨੇ
ਲਪਕ ਕੇ ਚੁੱਕਿਆ ਫ਼ੋਨ ਮੈਂ
ਝੱਟਪੱਟ ਆਪਣੀ ਪਿਆਰੀ ਸਖੀ
ਨੂੰ ਫ਼ੋਨ ਘੁੰਮਾਇਆ
ਦਸਿਆ ਜੱਦ ਆਪਣੇ ਸੁਪਨੇ ਬਾਰੇ
ਉਸਨੂੰ ਮੈਂ, ਪੁੱਛਿਆ ਕੁਝ ਗੰਭੀਰ ਹੋ ਕੇ
ਤੂੰ ਹੀ ਦੱਸ ਖਾਂ ਭੈਣੇ ਮੇਰੀਏ ਹੁਣ ਮੈਨੂੰ
ਕੀਕੂੰ ਸੁਪਨਾ ਇਹ ਮੈਨੂੰ ਆਇਆ
ਝੱਟ ਦੇਣੀ ਉਸ ਫਿਰ ਮੈਨੂੰ ਸਮਝਾਇਆ
ਮੈਡੀਟੇਸ਼ਨ ਨੇ ਕਰਦੇ ਜੋ ਦਿਲ ਤੋਂ
ਵਾਪਰਦਾ ਹੈ ਉਹਨਾਂ ਨਾਲ ਵੀ ਇਹ ਸੱਭ
ਇਸਨੂੰ ਕਹਿੰਦੇ ਨੇ ਆਊਟ ਆਫ਼ ਬਾਡੀ ਹੋਣਾ
ਫਿਰ ਵੀ ਚੈਨ ਨਾ ਮੈਨੂੰ ਆਇਆ
ਕਹਿੰਦੇ ਰੱਬ ਦੀ ਭਗਤੀ
ਪਾਠ, ਸਿਮਰਨ ਇਹ ਸੱਭ
ਮੈਡੀਟੇਸ਼ਨ ਤੋਂ ਉੱਪਰ ਨੇ
ਜੋ ਤੂੰ ਕਰਦੀ ਹੈ
ਕੋਈ ਜਵਾਬ ਨਹੀਂ ਔਹੜਦਾ ਕੀ ਕਹਾਂ
ਗੂਗਲ ਸਰਚ ਕਰਦੀ ਹਾਂ ਫਿਰ
ਆਊਟ ਆਫ਼ ਬਾਡੀ ਕੀ ਹੁੰਦਾ
ਸੋਚਦੀ ਹਾਂ
ਬਾਬੇ ਨਾਨਕ ਨੇ ਦਰਸ਼ਨ ਦਿੱਤੇ
ਮਾਤਾ ਰਾਣੀ ਨੇ ਦਰਸ਼ਨ ਦਿੱਤੇ
ਤੀਸਰੇ ਨੇਤਰ ਦੇ ਦਰਸ਼ਨ ਹੋਏ
ਪਰ ਇਹ ਕੀ ਕੌਤਕ ਸੀ ਕਿ
ਆਪਣੀ ਹੀ ਦੇਹ ਨੂੰ ਉੱਪਰ ਜਾਂਦੇ
ਬੈਡ ਤੇ ਪਈ ਦੇਖ ਰਹੀਂ ਹਾਂ ਮੈਂ
ਨਾਮ ਸਿਮਰਨ ਵੀ ਕਰੀ ਜਾ ਰਹੀ ਹਾਂ
ਫਿਰ ਬਾਡੀ ਨੀਚੇ ਆਉਂਦੀ ਹੈ
ਨਾਮ ਸਿਮਰਨ ਅਜੇ ਵੀ ਜਾਰੀ ਹੈ
ਸੁਪਨੇ ਦਾ ਟੁੱਟਣਾ ਤੇ ਫਿਰ
ਬੈਡ ਤੇ ਆਪਣੇ ਆਪ ਨੂੰ ਪਏ ਦੇਖਣਾ
ਤੇਰੀਆਂ ਤੂੰ ਹੀ ਜਾਣੈ ਦਾਤਾ।
" ਦਾਤਾ ਇਹ ਕੈਹੀ ਤੂੰ ਖੇਡ ਵਰਤਾਈ
ਭੇਦ ਨਾ ਦਿੰਦਾ ਤੂੰ ਕਾਈ "

## ਮਾਂ

ਵਰਲਡ ਪੰਜਾਬੀ ਟਾਈਮਜ਼
ਗੁਰਵਿੰਦਰ ਸਿੰਘ

ਮਾਂ ਹੈ ਸਭ ਦੀ ਜੱਗ ਤੋਂ ਨਿਆਰੀ,,
ਸਭ ਤੋਂ ਪਿਆਰੀ,,
ਸਭ ਤੋਂ ਪਿਆਰੀ।।
ਕਿੰਨਾ ਲਾਡ ਲਡਾਉਦੀ ਹੈ,,
ਖਾਣਾ ਖੂਬ ਖਵਾਉਂਦੀ ਹੈ,,
ਸਕੂਲ ਵੀ ਛੱਡ ਕੇ ਆਉਂਦੀ ਹੈ,,
ਸੇਵਾ ਕਰਦੀ ਕਦੇ ਨਾ ਹਾਰੀ,,

ਮਾਂ ਹੈ ਸਭ ਦੀ ਜੱਗ ਤੋਂ ਨਿਆਰੀ ਸਭ ਤੋਂ ਪਿਆਰੀ।।

ਕਾਮਯਾਬ ਬਣਾਉਣਾ ਚਾਹਵੇ,,
ਹੱਥਾਂ ਦੇ ਨਾਲ ਚੂਰੀ ਖਵਾਵੇ,,
ਰੱਬ ਦਾ ਦੂਜਾ ਰੂਪ ਧਾਰ ਕੇ
ਆਈ, ਦੁਨੀਆ ਕਹਿੰਦੀ ਸਾਰੀ।।

ਮੇਰੀ ਮਾਂ ਹੈ ਜੱਗ ਤੋਂ ਨਿਆਰੀ ਸਭ ਤੋਂ ਪਿਆਰੀ ਸਭ ਤੋਂ ਪਿਆਰੀ ।।

## ਫੇਰ ਦਿਵਾਲੀ ਹੋਵੇਗੀ



ਸਭ ਧਰਮਾਂ ਦੇ ਚੜ੍ਹਣ ਸਿਤਾਰੇ ਫੇਰ ਦਿਵਾਲੀ ਹੋਵੇਗੀ|
ਇਕ ਅੰਬਰ ਵਿਚ ਹੋਵਣ ਸਾਰੇ ਫੇਰ ਦਿਵਾਲੀ ਹੋਵੇਗੀ|
ਸੂਰਜ ਦੀ ਲੋਅ, ਚੰਦਾ ਦੀ ਲੋਅ, ਦੀਵੇ ਦੀ ਲੋਅ, ਜੁਗਨੂੰ ਦੀ ਲੋਅ|
ਛੋਟੇ ਵੱਡੇ ਆਦਰ ਨੂੰ ਇਕ ਹੀ ਮਾਲਾ ਵਿਚ ਪਿਰੋ|
ਹਾਕਮ ਸਭ ਦੇ ਹਿੱਤ ਵਿਚਾਰੇ ਫੇਰ ਦਿਵਾਲੀ ਹੋਵੇਗੀ|
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ|
ਟਹਿਣੀ-ਟਹਿਣੀ ਖਿੜ੍ਹੀਆਂ ਕਲੀਆਂ ਨੂੰ ਕੋਈ ਮਾਲੀ ਤੋੜੇ ਨਾ|
ਫੁੱਲ ਗੁਲਾਬੀ ਦੇ ਨਾਲ ਥੋਰ੍ਹਾਂ ਵਰਗੇ ਰਿਸ਼ਤੇ ਜੋੜੇ ਨਾ|
ਨਿਰਧਨ ਨੂੰ ਰਾਜਾ ਸਤਿਕਾਰੇ ਫੇਰ ਦਿਵਾਲੀ ਹੋਵੇਗੀ|
ਸਭ ਧਰਮਾਂ ਦੇ ਚੜ੍ਹਣ ਸਿਤਾਰੇ ਫੇਰ ਦਿਵਾਲੀ ਹੋਵੇਗੀ|
ਬੇਰੁਜ਼ਗਾਰੀ, ਰਿਸ਼ਵਤਖੋਰੀ, ਨਸ਼ਿਆਂ 'ਤੇ ਕਾਬੂ ਕੌਣ ਕਰੇ|
ਇਸ ਗੰਦਲੇ ਮਾਹੌਲ ਦੇ ਅੰਦਰ ਸੀਸ ਤਲੀ 'ਤੇ ਕੌਣ ਧਰੇ|
ਬੇੜੀ ਤਾਰਨ ਖੇਹਵਣਹਾਰੇ ਫੇਰ ਦਿਵਾਲੀ ਹੋਵੇਗੀ|
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ|
ਉਨਤੀ ਯੁਕਤ ਵਿਦੇਸ਼ਾਂ ਵਾਂਗੂੰ ਨੀਅਤ, ਨੀਤੀ, ਪ੍ਰੀਤ ਬਣੇ|
ਵੱਖ-ਵੱਖ ਸਾਜਾਂ ਦੀ ਇਕ ਧੁਨ ਦਾ ਫਿਰ ਉਤਮ ਸੰਗੀਤ ਬਣੇ|
ਸ਼ੁੱਧਤਾ, ਬੁੱਧਤਾ ਨਾਲ ਨਜ਼ਾਰੇ ਫੇਰ ਦਿਵਾਲੀ ਹੋਵੇਗੀ|
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ|
ਫੁੱਲਦੀ-ਫੁੱਲਦੀ ਰੋਟੀ ਲੱਭੇ, ਮੱਖਣ ਸਾਗ ਸਰ੍ਹੋਂ ਦੇ ਨਾਲ|
ਵੱਖ-ਵੱਖ ਭੋਜਨ ਕੌਲੀਆਂ ਦੇ ਵਿਚ, ਭਰਿਆ ਭਰਿਆ ਹੋਵੇ ਥਾਲ|
ਝੁੱਲ੍ਹੇ ਦੇ ਵਿਚ ਹੋਣ ਸ਼ਰਾਰੇ ਫੇਰ ਦਿਵਾਲੀ ਹੋਵੇਗੀ
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ|
ਨਾਲ ਮੁਹੱਬਤ ਦੀਵੇ ਹੋਵਣ ਏਧਰ ਵੀ ਤੇ ਓਧਰ ਵੀ|
ਤਪਦੀਆਂ ਮਾਵਾਂ ਫਿਰ ਨਾ ਰੋਵਣ ਏਧਰ ਵੀ ਤੇ ਓਧਰ ਵੀ|
ਜਗਮਗ-ਜਮਮਗ ਜਗਣ ਕਿਨਾਰੇ ਫੇਰ ਦਿਵਾਲੀ ਹੋਵੇਗੀ|
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ|
ਮਾਨਵਤਾ ਦੇ ਹਿਰਦੇ ਅੰਦਰ ਪਿਆਰ ਰਵੇ, ਸਤਿਕਾਰ ਰਵੇ|
ਚੜ੍ਹਦੇ ਸੂਰਜ ਦੀ ਲਾਲੀ ਦਾ ਘਰ-ਘਰ ਵਿਚ ਦੀਦਾਰ ਰਵੇ|
ਨਾ ਕੋਈ ਜਿੱਤੇ ਨਾ ਕੋਈ ਹਾਰੇ ਫੇਰ ਦਿਵਾਲੀ ਹੋਵੇਗੀ|

ਸਭ ਧਰਮਾਂ ਦੇ ਚੜ੍ਹਣ ਸਿਤਾਰੇ ਫੇਰ ਦਿਵਾਲੀ ਹੋਵੋਗੀ|
ਸਾਝੀਵਾਲ ਸੁਨੇਹਾ ਦੇਵੇ ਹਰਿਮੰਦਿਰ ਦੇ ਸ਼ਬਦਾਂ 'ਚੋਂ|
ਝਿਲਮਿਲ-ਝਿਲਮਿਲ ਦੀਵੇ ਜਗਦੇ ਗੁਰਬਾਣੀ ਦੇ ਅਰਥਾਂ 'ਚੋਂ|
ਸ਼ੀਤਲਤਾ ਹੈ ਸਗਲ ਦੁਆਰੇ ਫੇਰ ਦਿਵਾਲੀ ਹੋਵੇਗੀ|
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ|
ਭਾਰਤ ਦੀ ਖੁਸ਼ਹਾਲੀ ਅੰਦਰ ਏਕਮ ਵਾਲੇ ਚਮਕਣ ਤਾਰੇ|
ਖੰਡੇ ਬਾਟੇ ਵਾਲਾ ਅੰਮ੍ਰਿਤ ਆਨੰਦਪੁਰੇ ਵਿਚ ਗੋਬਿੰਦ ਪਿਆਰੇ|
ਲੈ ਕੇ ਆਵਣ ਪੰਜ ਪਿਆਰੇ ਫੇਰ ਦਿਵਾਲੀ ਹੋਵੇਗੀ|
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ|
ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਾਨਵਤਾ ਵਡਿਆਈ|
ਉਨ੍ਹਾਂ ਦੀ ਮਰਿਆਦਾ ਦੀ ਅੱਜ ਵੀ ਸੁਣਦੀ ਹੈ ਸ਼ਹਿਨਾਈ|
ਬੰਦੀ ਰਾਜੇ ਪਾਰ ਉਤਾਰੇ ਫੇਰ ਦਿਵਾਲੀ ਹੋਵੇਗੀ|
ਸਭ ਧਰਮਾਂ ਦੇ ਚੜ੍ਹਦ ਸਿਤਾਰੇ ਫੇਰ ਦਿਵਾਲੀ ਹੋਵੋਗੀ|
ਭਰਤ ਜਿਹੇ ਫਿਰ ਨਿੱਸ-ਸਵਾਰਥ ਦਿਵਾਲੀ ਦੇ ਅਰਥ ਬਣਨ|
ਹਾਲਾਤਾਂ ਦੇ ਗਰਭ 'ਚੋਂ 'ਬਾਲਮ' ਨੀਤੀ-ਪਰਿਵਰਤਨ ਜਣਨ|
ਮੋਹ-ਮਮਤਾ ਹਿਰਦੇ ਨੂੰ ਠਾਰੇ ਫੇਰ ਦਿਵਾਲੀ ਹੋਵੇਗੀ|
ਸਭ ਧਰਮਾਂ ਦੇ ਚੜ੍ਹਣ ਸਿਤਾਰੇ ਫੇਰ ਦਿਵਾਲੀ ਹੋਵੇਗੀ|

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

## ਜ਼ਿੰਦਗੀ ਦੀ ਗਿਣਤੀ ਮਿਣਤੀ ਦਾ ਪਤਾ ਨਹੀਂ, ਭਾਰ ਈਰਖਾ ਦਾ ਮਣਾਂ ਮੂੰਹੀ ਚੁੱਕੀ ਫਿਰਦੇ ਹਾਂ ।

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ

ਇਨਸਾਨੀ ਜ਼ਿੰਦਗੀ ਇਕ ਅਜਿਹੀ ਯਾਤਰਾ ਹੈ ਜਿਸ ਦੀ ਕੋਈ ਪੱਕੀ ਗਿਣਤੀ–ਮਿਣਤੀ ਨਹੀਂ। ਕੌਣ ਕਿੰਨਾ ਸਮਾਂ ਜੀਉਂਦਾ ਰਹੇਗਾ, ਕਦੋਂ ਤੇ ਕਿਵੇਂ ਜੀਵਨ–ਯਾਤਰਾ ਸੰਪੂਰਣ ਹੋਵੇਗੀ, ਇਹ ਕਿਸੇ ਨੂੰ ਵੀ ਪਤਾ ਨਹੀਂ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਅਸੀਂ ਇਸ ਛੋਟੀ ਜਿਹੀ ਜ਼ਿੰਦਗੀ ਵਿੱਚ ਵੀ ਈਰਖਾ, ਮਾਣ, ਹੰਕਾਰ ਅਤੇ ਨਫ਼ਰਤ ਦਾ ਮਣਾਂ ਮੂੰਹੀਂ ਭਾਰ ਨਾਲ ਮੂੰਹੀ ਚੁੱਕੇ ਫਿਰਦੇ ਹਾਂ।

ਜੀਵਨ ਦੀ ਅਸਥਿਰਤਾ
ਜੀਵਨ ਬਹੁਤ ਅਸਥਿਰ ਹੈ। ਜਿਵੇਂ ਮੌਸਮ ਵਿੱਚ ਅਚਾਨਕ ਤਬਦੀਲੀ ਆ ਜਾਂਦੀ ਹੈ, ਉਸੇ ਤਰ੍ਹਾਂ ਇਨਸਾਨੀ ਸਾਹ ਵੀ ਬਿਨਾਂ ਕਿਸੇ ਚੇਤਾਵਨੀ ਦੇ ਰੁੱਕ ਸਕਦੇ ਹਨ। ਹਰ ਰੋਜ਼ ਅਸੀਂ ਅਖ਼ਬਾਰਾਂ ਜਾਂ ਖ਼ਬਰਾਂ ਵਿੱਚ ਵੇਖਦੇ ਹਾਂ ਕਿ ਪੂਰੀ ਤਰ੍ਹਾਂ ਤੰਦਰੁਸਤ ਲੱਗਣ ਵਾਲੇ ਨੌਜਵਾਨ ਵੀ ਅਚਾਨਕ ਇਸ ਸੰਸਾਰ ਨੂੰ ਛੱਡ ਕੇ ਅਕਾਲ ਚਲਾਣਾ ਕਰ ਜਾਂਦੇ ਹਨ। ਜਦੋਂ ਜ਼ਿੰਦਗੀ ਦੇ ਅੰਤ ਦਾ ਕੋਈ ਨਿਸ਼ਚਿਤ ਸਮਾਂ ਹੀ ਨਹੀਂ, ਤਾਂ ਫਿਰ ਅਸੀਂ ਕਿਉਂ ਆਪਸ ਵਿੱਚ ਮਾਣ–ਹੰਕਾਰ ਤੇ ਈਰਖਾ ਦੇ ਜ਼ਹਿਰ ਨਾਲ ਰੰਗੇ ਰਹਿੰਦੇ ਹਾਂ?

ਈਰਖਾ ਤੇ ਹੰਕਾਰ ਦੇ ਨੁਕਸਾਨ
ਈਰਖਾ (ਜਲਨ) ਇਨਸਾਨ ਦੇ ਅੰਦਰੋਂ ਸ਼ਾਂਤੀ ਖੋਹ ਲੈਂਦੀ ਹੈ। ਜਿਵੇਂ ਕੋਈ ਦਿਮਾਗੀ ਸਿਉਂਕ ਹੋਵੇ ਜੋ ਹੌਲੀ–ਹੌਲੀ ਅੰਦਰੋਂ ਮਨੁੱਖ ਨੂੰ ਖਾ ਜਾਂਦੀ ਹੈ।

ਉਦਾਹਰਨ ਲਈ, ਜੇ ਕਿਸੇ ਨੂੰ ਆਪਣੇ ਸੰਗੀ ਸਾਥੀਆਂ ਜਾਂ ਗੁਆਂਢੀਆਂ ਦੀ ਤਰੱਕੀ ਦੇਖ ਕੇ ਖੁੱਸ਼ ਹੋਣ ਦੀ ਬਜਾਏ ਉਸ ਨਾਲ ਹੀ ਈਰਖਾ ਹੋ ਜਾਏ ਅਤੇ ਉਹ ਇਸੇ ਈਰਖਾ ਦੇ ਚੱਲਦਿਆਂ ਆਪਣਾ ਸੁੱਖ ਚੈਨ ਗਵਾ ਬੈਠਦਾ ਹੈ।

ਹੰਕਾਰ (ਮਾਣ) ਦਾ ਹਾਲ ਵੀ ਇਹੀ ਹੈ। ਜਿਹੜਾ ਮਨੁੱਖ ਆਪਣੇ ਅਹੁਦੇ, ਦੌਲਤ ਜਾਂ ਸ਼ਕਤੀ ਦਾ ਮਾਣ ਕਰਦਾ ਹੈ, ਉਹ ਭੁੱਲ ਜਾਂਦਾ ਹੈ ਕਿ ਇਹ ਸਭ ਕੁਝ ਅਸਥਾਈ ਹੈ। ਅੱਜ ਜਿਸ ਦੇ ਕੋਲ ਹੈ, ਕੱਲ੍ਹ ਨਹੀਂ ਵੀ ਹੋ ਸਕਦਾ।

ਨਿਮਰਤਾ ਤੇ ਪਿਆਰ ਦੀ ਲੋੜ
ਜੇ ਇਨਸਾਨ ਸਮਝ ਲਵੇ ਕਿ ਜ਼ਿੰਦਗੀ ਇਕ ਛੋਟੀ ਜਿਹੀ ਸਾਹਾਂ ਵਾਲੀ ਮਾਲਾ ਦੀ ਗਿਣਤੀ ਮਿਣਤੀ ਹੈ ਤਾਂ ਉਹ ਕਦੇ ਵੀ ਈਰਖਾ ਅਤੇ ਹੰਕਾਰ ਦੀ ਥੈਲੀ ਨਹੀਂ ਚੁੱਕੇਗਾ। ਇਸ ਦੀ ਬਜਾਏ ਉਹ ਪਿਆਰ, ਸਹਿਯੋਗ ਅਤੇ ਨਿਮਰਤਾ ਨਾਲ ਜੀਉਂਣ ਦੀ ਕੋਸ਼ਿਸ਼ ਕਰੇਗਾ।

ਉਦਾਹਰਨ ਲਈ, ਜੇ ਕਿਸੇ ਵਿਦਿਆਰਥੀ ਨੂੰ ਆਪਣੀ ਜਮਾਤ ਦੇ ਦੂਜੇ ਵਿਦਿਆਰਥੀਆਂ ਦੀ ਕਾਮਯਾਬੀ ਦੇਖ ਕੇ ਉਸ ਨਾਲ ਈਰਖਾ ਕਰਨ ਦੀ ਥਾਂ ਉਸ ਤੋਂ ਸਿੱਖਣ ਦੀ ਸੋਚ ਹੋਵੇ ਤਾਂ ਉਹ ਆਪਣਾ ਭਵਿੱਖ ਵੀ ਸੁਧਾਰ ਸਕਦਾ ਹੈ।

ਉਸੇ ਤਰ੍ਹਾਂ, ਜੇ ਕਿਸਾਨ ਆਪਣੀ ਫ਼ਸਲ ਦੀ ਘੱਟ ਪੈਦਾਵਾਰ ਹੋਣ ਕਰਕੇ ਦੂਜੇ ਕਿਸਾਨ ਦੀ ਫ਼ਸਲ ਦੀ ਵਧੀਆ ਪੈਦਾਵਾਰ ਦੇਖ ਕੇ ਜਲਨ ਨਾ ਕਰੇ ਬਲਕਿ ਉਸ ਕੋਲੋਂ ਖੇਤੀ ਦੀਆਂ ਨਵੀਆਂ ਤਕਨੀਕਾਂ ਸਿੱਖ ਲਵੇ ਤਾਂ ਦੋਵੇਂ ਲਈ ਭਲਾਈ ਹੋ ਸਕਦੀ ਹੈ।

ਅਧਿਆਤਮਿਕ ਨਜ਼ਰੀਆ
ਗੁਰਬਾਣੀ ਵਿੱਚ ਵੀ ਸਿੱਖਿਆ ਦਿੱਤੀ ਗਈ ਹੈ ਕਿ ਈਰਖਾ, ਮਾਣ, ਹੰਕਾਰ ਤੇ ਕ੍ਰੋਧ ਜੀਵਨ ਦੇ ਵੈਰੀ ਹਨ। ਜਿਹੜਾ ਇਨਸਾਨ ਇਨ੍ਹਾਂ ਵੈਰੀਆਂ ਨੂੰ ਛੱਡ ਦਿੰਦਾ ਹੈ, ਉਹੀ ਅਸਲ ਖੁਸ਼ੀ ਵਾਲੀ ਜ਼ਿੰਦਗੀ ਜੀ ਸਕਦਾ ਹੈ।

ਜ਼ਿੰਦਗੀ ਦੇ ਸਾਹਾਂ ਦੀ ਕੋਈ ਪੱਕੀ ਗਿਣਤੀ ਮਿਣਤੀ ਨਹੀਂ ਹੈ। ਇਹ ਹਰ ਪਲ ਘੱਟ ਰਹੀ ਹੈ। ਫਿਰ ਅਸੀਂ ਈਰਖਾ, ਮਾਣ ਅਤੇ ਹੰਕਾਰ ਦਾ ਮਣਾਂ ਮੂੰਹੀਂ ਭਾਰ ਨਾਲ ਕਿਉਂ ਫਿਰਦੇ ਹਾਂ? ਜੇ ਅਸੀਂ ਇਨ੍ਹਾਂ ਨਕਾਰਾਤਮਕ ਭਾਵਨਾਵਾਂ ਨੂੰ ਛੱਡ ਕੇ ਨਿਮਰਤਾ, ਸਹਿਯੋਗ ਅਤੇ ਪਿਆਰ ਨਾਲ ਜੀਵਨ ਬਤੀਤ ਕਰੀਏ, ਤਾਂ ਨਾ ਸਿਰਫ਼ ਸਾਡੀ ਆਪਣੀ ਜ਼ਿੰਦਗੀ ਸੁੱਖਮਈ ਹੋਵੇਗੀ ਸਗੋਂ ਸਮਾਜ ਵਿੱਚ ਵੀ ਮਿਲਾਪ ਅਤੇ ਖੁਸ਼ਹਾਲੀ ਵਧੇਗੀ।
ਜ਼ਿੰਦਗੀ ਦੇ ਸਾਹਾਂ ਦੀ ਕੋਈ ਪੱਕੀ ਗਿਣਤੀ ਮਿਣਤੀ ਨਹੀਂ ਹੈ। ਇਹ ਹਰ ਪਲ ਘੱਟ ਰਹੀ ਹੈ। ਫਿਰ ਅਸੀਂ ਈਰਖਾ, ਮਾਣ ਅਤੇ ਹੰਕਾਰ ਦਾ ਮਣਾਂ ਮੂੰਹੀਂ ਭਾਰ ਨਾਲ ਕਿਉਂ ਫਿਰਦੇ ਹਾਂ? ਜੇ ਅਸੀਂ ਇਨ੍ਹਾਂ ਨਕਾਰਾਤਮਕ ਭਾਵਨਾਵਾਂ ਨੂੰ ਛੱਡ ਕੇ ਨਿਮਰਤਾ, ਸਹਿਯੋਗ ਅਤੇ ਪਿਆਰ ਨਾਲ ਜੀਵਨ ਬਤੀਤ ਕਰੀਏ, ਤਾਂ ਨਾ ਸਿਰਫ਼ ਸਾਡੀ ਆਪਣੀ ਜ਼ਿੰਦਗੀ ਸੁੱਖਮਈ ਹੋਵੇਗੀ ਸਗੋਂ ਸਮਾਜ ਵਿੱਚ ਵੀ ਮਿਲਾਪ ਅਤੇ ਖੁਸ਼ਹਾਲੀ ਵਧੇਗੀ।

## ਵਿਛੜਿਆਂ ਦੇ ਭੋਗ ਸਮਾਗਮਾਂ ਦੀ ਵਿਸਰ ਰਹੀ ਸਾਦੀ ਰਸਮ

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ



ਵਿਛੜਿਆਂ ਦੇ ਭੋਗ ਸਮਾਗਮ ਪਹਿਲਾਂ ਸਾਦੇ ਢੰਗ ਨਾਲ ਕੀਤੇ ਜਾਂਦੇ ਸਨ ।ਖਾਣਾ ਹੇਠਾਂ ਬਹਿ ਕੇ ਥਾਲੀਆਂ ਵਿੱਚ ਦਾਲ ਫੁਲਕੇ ਵਾਲਾ ਖਾਧਾ ਜਾਂਦਾ ਸੀ । ਪਰ ਸਮੇਂ ਦੀ ਚਾਲ ਨੇ ਸਾਰਾ ਕੁਝ ਬਦਲ ਕੇ ਰੱਖ ਦਿੱਤਾ ਹੈ ।ਅੱਜ ਦੇ ਸਮੇਂ ਵਿਛੜਿਆਂ ਦੇ ਭੋਗ ਸਮਾਗਮ ਕਰਵਾਉਣੇ ਸੌਖੇ ਨਹੀਂ । ਸਰਧਾਂਜ਼ਲੀ ਸਮਾਗਮ ਲਈ ਹਰੇਕ ਖੁੱਲ੍ਹ ਸੱਦਾ ਸਰਧਾਂਜ਼ਲੀ ਦੇਣ ਲਈ ਵਟਸਅੱਪ ਗਰੁੱਪਾਂ ਅਤੇ ਮੀਡੀਏ ਦੇ ਹੋਰ ਸਾਧਨਾਂ ਰਾਹੀਂ ਦਿੰਦਾ ਹੈ ।ਇਹੋ ਜਿਹੇ ਵੱਡੇ ਇਕੱਠਾਂ ਲਈ ਅੱਜ ਦੇ ਸਮੇਂ ਖਾਣੇ ਦਾ ਪ੍ਰਬੰਧ ਜ਼ਿਆਦਾਤਰ ਪਰਿਵਾਰ ਟੈਂਟ ਲਾ ਕੇ ਜਾਂ ਕਿਸੇ ਹਾਲ ਅੰਦਰ ਵਿਆਹ ਵਾਂਗ ਸਟੈਂਡਿੰਗ ਖਾਣੇ ਦਾ ਪ੍ਰਬੰਧ ਕਰਨ ਲੱਗ ਗਏ ਹਨ । ਇਨ੍ਹਾਂ ਖਾਣਿਆਂ 'ਚ ਕਈ ਦਾਲ,ਸਬਜ਼ੀਆਂ , ਭਾਂਤ ਸਵਾਂਤੇ ਸਲਾਦ , ਆਚਾਰ , ਚਾਵਲ, ਕਈ ਤਰ੍ਹਾਂ ਦੀਆਂ ਰੋਟੀਆਂ , ਕਈ ਪ੍ਰਕਾਰ ਦੀਆਂ ਸਵੀਟ ਡਿਸ਼ਾਂ , ਆਦਿ ਦਾ ਹੋਣਾ ਆਮ ਦੇਖਿਆ ਜਾਂਦਾ ਹੈ ।ਪਨੀਰ ਤਾਂ ਹਰ ਕੋਈ ਵਰਤਦਾ ਹੈ । ਕੁਰਸੀਆਂ ਆਮ ਹੀ ਬੈਠਣ ਲਈ ਥਾਂ ਥਾਂ ਲਾਈਆਂ ਜਾਂਦੀਆਂ ਹਨ , ਟੇਬਲ , ਸਟੈਂਡਿੰਗ ਟੇਬਲ ਵੀ ਲੱਗਣੇ ਸ਼ੁਰੂ ਹੋ ਗਏ ਹਨ । ਇਸ ਤਰ੍ਹਾਂ ਖਾਣਾ ਕਈ ਵਾਰ ਖੜ੍ਹ ਕੇ ਹੀ ਖਾਣਾ ਪੈਂਦਾ ਹੈ ਜਿਸ ਨਾਲ ਪਲੇਟ ਸਾਂਭਣੀ ਔਖੀ ਹੁੰਦੀ ਹੈ । ਬਜੁਰਗਾਂ ਲਈ ਤਾਂ ਖਾਣਾ ਹੋਰ ਵੀ ਔਖਾ ਹੁੰਦਾ ਹੈ । ਪਰਿਵਾਰਿਕ ਮੈਂਬਰਾਂ ਦਾ ਸਾਰਾ ਧਿਆਨ ਖਾਣ ਵਾਲੇ ਪ੍ਰਬੰਧ 'ਚ ਹੁੰਦਾ ਹੈ , ਗੁਰਦੁਆਰਾ , ਮੰਦਰ ਜਾਂ ਜਿਸ ਥਾਂ ਅੰਤਿਮ ਅਰਦਾਸ ਲਈ ਕੀਰਤਨ , ਕਥਾ ਹੁੰਦੀ ਹੈ ਉਥੇ ਸੁਣਨ ਲਈ ਪਰਿਵਾਰ ਲਈ ਸਮਾਂ ਨਹੀਂ ਰਹਿੰਦਾ ।ਇਹੋ ਜਿਹੇ ਸਰਧਾਂਜ਼ਲੀ ਸਮਾਗਮ ਵੀ ਦੇਖਣ ਨੂੰ ਮਿਲਦੇ ਹਨ ਜਿਥੇ ਵਿਆਹ ਵਾਂਗ ਭਾਂਤ-ਸਵਾਂਤੀਆਂ ਸਟਾਲਾਂ ਵੀ ਲੱਗੀਆਂ ਹੁੰਦੀਆਂ ਹਨ । ਢਿੱਡ ਭਰਨ ਲਈ ਦਾਲ ਰੋਟੀ ਕਾਫੀ ਹੈ , ਉਹ ਵੀ ਉਨ੍ਹਾਂ ਲਈ ਹੋਵੇ ਜੋ ਦੂਰੋਂ ਆਉਂਦੇ ਹਨ ਜਿਨ੍ਹਾਂ ਨੂੰ ਵਾਪਸ ਜਾਂਦੇ ਸਮੇਂ ਖਾਣੇ ਦਾ ਸਮਾਂ ਨਹੀਂ ਰਹਿੰਦਾ , ਸਥਾਨਕ ਲੋਕਾਂ ਨੂੰ ਮਜਬੂਰਨ ਘੇਰ ਕੇ ਪਹਿਲਾਂ ਖਾਣਾ ਖਾਣ ਲਈ ਪੰਡਾਲ ਵਿੱਚ ਭੇਜਿਆ ਜਾਂਦਾ ਹੈ ।ਹੁਣ ਇਹ ਰਿਵਾਜ਼ ਹੀ ਬਣ ਗਿਆ ਹੈ ।ਕਈ ਤਾਂ ਸਿਰਫ ਖਾਣੇ ਖਾਣ ਤੱਕ ਸੀਮਤ ਰਹਿੰਦੇ ਹਨ ,ਖਾਣਾ ਖਾ ਬਾਹਰੋਂ ਹੀ ਮੁੜ ਜਾਂਦੇ ਹਨ । ਰਾਜਨੀਤਕ ਨੇਤਾ ਇਹੋ ਜਿਹੇ ਸਮਾਗਮਾਂ ਦੀ ਤਾਕ ਵਿੱਚ ਰਹਿੰਦੇ ਹਨ , ਉਹ ਵੋਟਾਂ ਪੱਕੀਆਂ ਕਰਨ ਲਈ ਆਪਣੇ ਸਾਥੀਆਂ ਨਾਲ ਇੱਕ ਵਾਰੀ ਹਾਜ਼ਰੀ ਜਰੂਰ ਲਾਉਣ ਦੀ ਕੋਸ਼ਿਸ਼ ਕਰਦੇ ਹਨ । ਪਰਿਵਾਰ ਨਾਲ ਉਂਝ ਪਹਿਲਾਂ ਕਦੇ ਉਨ੍ਹਾਂ ਦੀ ਮਿਲਣੀ ਭੀ ਨਾ ਹੋਈ ਹੋਵੇ ।ਇਸ ਨਵੇਂ ਰੁਝਾਣ ਨਾਲ ਆਮ ਪਰਿਵਾਰ ਵੀ ਦੇਖੋ ਦੇਖੀ ਜਾਂ ਲੋਕਲਾਜ ਲਈ ਇਹੋ ਜਿਹਾ ਸਮਾਗਮ ਕਰ ਲੈਂਦੇ ਹਨ ਜਿਸ ਨਾਲ ਉਨ੍ਹਾਂ ਦੀ ਆਰਥਿਕ ਸਥਿਤੀ ਕਾਫੀ ਸਮਾਂ ਲੀਹ ਤੇ ਨਹੀਂ ਆਉਂਦੀ , ਉਨ੍ਹਾਂ ਲਈ ਜੇ ਸੋਚਿਆ ਜਾਵੇ ਇਹੋ ਜਿਹਾ ਕਰਨਾ ਫਜ਼ੂਲ ਹੀ ਲੱਗਦਾ ਹੈ । ਕਈ ਪਰਿਵਾਰਾਂ ਵਲੋਂ ਭਾਵੇਂ ਬਜ਼ੁਰਗਾਂ ਨੂੰ ਜਿਊਂਦੇ ਜੀਅ ਤਾਂ ਚੱਜ ਨਾਲ ਦਵਾਈ ਬੂਟੀ ,ਰੋਟੀ ਨਾ ਦਿੱਤੀ ਜਾਂਦੀ ਹੋਵੇ , ਪਰ ਬਾਅਦ 'ਚ ਭੋਗ ਸਮੇਂ ਕਈ ਪ੍ਰਕਾਰ ਦੇ ਪਕਵਾਨ ਬਣਾ ਕੇ ਲੋਕਾਂ 'ਚ ਵਾਹ ਵਾਹ ਖੱਟਣ ਵਾਲੀ ਹੀ ਗੱਲ ਹੁੰਦੀ ਹੈ ।ਪਰ ਦੂਜੇ ਪਾਸੇ ਸਾਦੀ ਰਸਮ ਭੋਗ ਸਮੇਂ ਜੇ ਹੋਵੇ ਤਾਂ ਕਿੰਨਾ ਚੰਗਾ ਹੋਵੇਗਾ । ਆਰਾਮ ਨਾਲ ਚੌਂਕੜਾ ਮਾਰ ਪੰਗਤ ਵਿੱਚ ਬੈਠ ਸਾਦਾ ਭੋਜਨ ਛੱਕਣਾ ਮਨ ਨੂੰ ਸਕੂਨ ਦਿੰਦਾ ਹੈ , ਖਾਣਾ ਵਰਤਾਉਣ ਵਾਲੇ ਘਰ ਦੇ , ਸਰੀਕੇ ਦੇ ,ਸਕੇ ਸਬੰਧੀ ਆਦਿ ਜਦੋਂ ਛਕਾਉਂਦੇ ਹਨ ਤਾਂ ਇੱਕ ਵੱਖਰਾ ਹੀ ਆਨੰਦ ਆਉਂਦਾ ਹੈ , ਢਿੱਡ ਵੀ ਭਰ ਜਾਂਦਾ ਹੈ । ਇਸ ਨੂੰ ਗੁਰੂ ਕਾ ਲੰਗਰ ਕਹਿ ਸਕਦੇ ਹਾਂ । ਪਰ ਕੁਰਸੀਆਂ ਤੇ ਬੈਠ ਜਾਂ ਖੜ੍ਹ ਕੇ ਹਲਵਾਈਆਂ ਤੋਂ ਬਣਿਆ ਅਤੇ ਬੈਰਿਆਂ ਵਲੋਂ ਵਰਤਾਇਆ ਖਾਣਾ ਕੀ ਲੰਗਰ ਹੋ ਸਕਦਾ ?
ਬਜ਼ੁਰਗ ਹੋਣ ਤੇ ਇਨਸਾਨ ਬੱਚਿਆਂ ਵਾਂਗ ਹਰੇਕ ਚੀਜ਼ ਖਾਣ ਲਈ ਲੋਚਦਾ ਹੈ , ਕਈ ਵਾਰੀ ਉਹ ਆਪਣੇ ਬੱਚਿਆਂ ਨੂੰ ਕਹਿ ਨਹੀਂ ਸਕਦਾ , ਇਸ ਲਈ ਬਜ਼ੁਰਗਾਂ ਨੂੰ ਖਾਣ ਲਈ ਉਨ੍ਹਾਂ ਦੇ ਮਨਪਸੰਦ ਦੀਆਂ ਨਰਮ ਨਰਮ ਚੀਜ਼ਾਂ ਆਪ ਬਣਾ ਕੇ ਜਾਂ ਬਜ਼ਾਰ 'ਚੋਂ ਵਧੀਆ ਕਿਸਮ ਦੀਆਂ ਲਿਆ ਕੇ ਉਨ੍ਹਾਂ ਨੂੰ ਦੇਣੀਆਂ ਚਾਹੀਦੀਆਂ ਹਨ । ਇਸ ਤਰ੍ਹਾਂ ਉਨ੍ਹਾਂ ਅੰਦਰਲੀ ਖੁਸ਼ੀ ਦਾ ਅਹਿਸਾਸ ਸਾਨੂੰ ਸਮਝ ਲੈਣਾ ਚਾਹੀਦਾ ਹੈ ।ਕਈ ਬਜੁਰਗ ਆਖਰੀ ਉਮਰ ਵਿੱਚ ਆਪਣੇ ਪੁੱਤਰ / ਪੁੱਤਰਾਂ ਤੋਂ ਤੰਗ ਆ ਕੇ ਵੱਖਰੇ ਰਹਿ ਕੇ ਵੱਖਰੀ ਰੋਟੀ ਬਣਾਉਂਦੇ ਦੇਖੇ ਗਏ ਹਨ ਪਰ ਉਨ੍ਹਾਂ ਦੀ ਮੌਤ ਹੋਣ ਤੇ ਪੁੱਤਰ ਵੱਡੇ ਸਮਾਗਮ ਰਚਾ ਕੇ ਐਂਵੇ ਮੋਹ ਦਾ ਦਿਖਾਵਾ ਕਰਦੇ ਹਨ ।ਅੱਜ ਦੇ ਪੁੱਤਰਾਂ ਨੂੰ ਇਹ ਗੱਲ ਵੀ ਸਮਝ ਲੈਣੀ ਚਾਹੀਦੀ ਹੈ ਕਿ ਕੱਲ੍ਹ ਨੂੰ ਉਨ੍ਹਾਂ ਨੇ ਵੀ ਬੁੱਢੇ ਹੋਣਾ ਹੈ ਉਨ੍ਹਾਂ ਨਾਲ ਇਸ ਤੋਂ ਹੋ ਸਕਦਾ ਵੱਧ ਹੀ ਮਾੜਾ ਵਿਵਹਾਰ ਉਨ੍ਹਾਂ ਦੇ ਬੱਚੇ ਕਰਨ । ਪਰਿਵਾਰਕ ਸੰਸਕਾਰਾਂ ਦੀ ਅਹਿਮੀਅਤ ਸਾਨੂੰ ਸਮਝ ਲੈਣੀ ਚਾਹੀਦਾ ਹੈ । ਬੱਚਿਆਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਮਾਪਿਆਂ ਨੂੰ ਉਨ੍ਹਾਂ ਲਈ ਵੀ ਬਣਦਾ ਮਾਣ ਸਤਿਕਾਰ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਜਿਊਂਦੇ ਜੀਅ ਦੇਣਾ ਬਣਦਾ ਹੈ । ਮਰਨ ਤੋਂ ਬਾਅਦ ਵਿੱਚ ਵੀ ਸਾਰਾ ਕੁਝ ਬੱਚਿਆਂ ਕੋਲ ਹੀ ਜਾਣਾ ਹੁੰਦਾ ਹੈ । ਇਹ ਸੋਚ ਛੱਡ ਦੇਣੀ ਚਾਹੀਦੀ ਹੈ ਕਿ ਪੈਸਿਆਂ , ਜਾਂ ਆਪਣੇ ਨਾਮ ਜਾਇਦਾਦ ਹੋਣ ਸਦਕਾ ਰੋਟੀ ਮਿਲੇਗੀ , ਇਹ ਕੋਈ ਜਰੂਰੀ ਨਹੀਂ ।ਇਹੋ ਜਿਹਾ ਪਰਿਵਾਰ ਮੇਰੇ ਇੱਕ ਜਾਣਕਾਰ ਦਾ ਦੇਖਿਆ ਜਿਸ ਦੇ ਦੋ ਮੁੰਡੇ ਹਨ , ਤਿੰਨ ਹਿੱਸੇ ਜਮੀਨ ਦੇ ਕਰ , ਦੋ ਹਿੱਸੇ ਮੁੰਡਿਆਂ ਨੂੰ ਦੇ ਦਿੱਤੇ ਇੱਕ ਹਿੱਸਾ ਆਪ ਰੱਖ ਲਿਆ ।ਦੋਹਾਂ ਨਾਲ ਰਹਿਣ ਦੀ ਗੱਲ ਨਾ ਬਣੀ , ਵੱਖਰੀ ਰੋਟੀ ਆਪ ਹੀ ਉਨ੍ਹਾਂ ਨੂੰ ਬਣਾਉਣੀ ਪਈ , ਜ਼ਮੀਨ ਦਾ ਮੁੱਲ ਨਹੀਂ ਪਇਆ । ਇੱਕ ਪਰਿਵਾਰ ਦੇ ਇਕੱਲਾ ਬੇਟਾ ਹੈ , ਮਾਂ-ਬਾਪ ਦੀ ਬੇਟੇ ਅਤੇ ਨੂੰਹ ਨਾਲ ਬਣਤ ਨਹੀਂ ਬਣੀ , ਪਹਿਲਾਂ ਤਾਂ ਘਰ ਵਿੱਚ ਹੀ ਰੋਟੀ ਵੱਖਰੀ ਹੋ ਗਈ , ਫਿਰ ਵੀ ਗੱਲ ਨਾ ਬਣੀ , ਕਲੇਸ਼ ਤੋਂ ਡਰਦੇ ਬਜ਼ੁਰਗ ਪਤੀ ਪਤਨੀ ਹੋਰ ਮੁਹੱਲੇ ਵਿੱਚ ਕਿਰਾਏ ਉੱਪਰ ਰਹਿਣ ਲੱਗ ਪਏ । ਅਜੇ ਤਾਂ ਉਨ੍ਹਾਂ ਦੇ ਹੱਥ ਪੈਰ ਚਲਦੇ ਹਨ ਆਪਣਾ ਰੋਟੀ ਪਾਣੀ , ਹੋਰ ਸਾਰਾ ਕੁਝ ਕਰੀ ਜਾਂਦੇ ਹਨ ਕਿਉਂ ਕਿ ਦੋਵੇਂ ਸਰਕਾਰੀ ਪੈਨਸ਼ਨਰਜ਼ ਹਨ , ਕੋਈ ਤੰਗੀ ਨਹੀਂ ਆਉਂਦੀ ਪਰ ਜਦੋਂ ਹੱਥ ਪੈਰ ਖੜ੍ਹ ਗਏ ਫਿਰ ਕੋਣ ਸਾਂਭੇਗਾ । ਮਰਨ ਤੋਂ ਬਾਦ ਕੀ ਪੁੱਤਰ ਭੋਗ ਨਹੀਂ ਪਾਵੇਗਾ , ਹੋ ਸਕਦਾ ਵਿਆਹ ਵਰਗਾ ਹੀ ਕਰ ਦੇਵੇ ਕਿਉਂ ਕਿ ਜਾਇਦਾਦ ਵੀ ਤਾਂ ਮਿਲਣੀ ਹੁੰਦੀ ਹੈ । ਇਹੋ ਜਿਹੇ ਪਰਿਵਾਰਾਂ ਦੀ ਖਟਾਸ ਭਰੀ ਜ਼ਿੰਦਗੀ ਸਮਾਜ ਵਿੱਚ ਦੇਖਣ ਨੂੰ ਵੀ ਮਿਲਦੀ ਹੈ ।ਸੋ ਬੱਚਿਆਂ ਅਤੇ ਮਾਪਿਆਂ ਅੰਦਰ ਕਠੋਰਤਾ ਨਹੀਂ ਸਗੋਂ ਲਚਕਤਾ ਹੋਣ ਤੇ ਹੀ ਪਰਿਵਾਰ ਸੁੱਖੀ ਰਹਿ ਸਕਦਾ ਹੈ । ਪਰਿਵਾਰਾਂ ਨੂੰ ਫਜ਼ੂਲ ਦੇ ਭੋਗ ਸਮਾਗਮਾਂ ਉੱਪਰ ਖਰਚੇ ਕਰਕੇ ਵਡਿਆਈ ਲੈਣ ਦੀ ਥਾਂ ਬਜ਼ੁਰਗਾਂ ਦੀ ਜਿਊਂਦੇ ਜੀਅ ਰੱਜ ਕੇ ਸੇਵਾ ਕਰਨੀ ਚਾਹੀਦੀ ਹੈ । ਇਹ ਅੱਜ ਦੇ ਬੱਚਿਆਂ ਅਤੇ ਮਾਪਿਆਂ ਨੂੰ ਭਲੀ ਭਾਂਤ ਸਮਝ ਲੈਣਾ ਚਾਹੀਦਾ ਹੈ ।